# ਨਿਵਾਸੀਆਂ ਨੂੰ ਸੁਰੱਖਿਅਤ ਅਤੇ ਤੰਦਰੁਸਤ ਰੱਖਣ ਵਿੱਚ ਸਾਡੀ ਮੱਦਦ ਕਰੋ

**ਨਿਵਾਸੀਆਂ ਦੀ ਸਿਹਤ ਸਾਡੀ ਸਭ ਤੋਂ ਵੱਡੀ ਤਰਜੀਹ ਹੈ।**

ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਉਹਨਾਂ ਨੂੰ ਦਿਨ ਦੇ 24 ਘੰਟੇ, ਸਾਲ ਦੇ ਹਰ ਦਿਨ ਲੋੜੀਂਦੀ ਦੇਖਭਾਲ ਅਤੇ ਸਹਾਇਤਾ ਪ੍ਰਾਪਤ ਹੋਵੇ।

## 1

## ਜੇਕਰ ਕੋਈ ਰਾਤ ਨੂੰ, ਜਾਂ ਸ਼ਨੀਵਾਰ ਨੂੰ ਬਿਮਾਰ ਹੋ ਜਾਂਦਾ ਹੈ ਤਾਂ ਕੀ ਹੁੰਦਾ ਹੈ ?



- ਇਹ ਯਕੀਨੀ ਬਣਾਉਣ ਲਈ ਸਾਡੇ ਕੋਲ ਬਹੁਤ ਸਾਰੇ ਰਾਹ ਹਨ ਕਿ ਮੱਦਦ ਜਲਦੀ ਉਪਲਬਧ ਹੋਵੇ।
- ਸਾਡੇ ਕੋਲ ਇੱਕ ਨਰਸ ਉਪਲਬਧ ਹੈ, ਨਾਲ ਹੀ ਡਾਕਟਰਾਂ, ਹੋਰ ਨਰਸਾਂ, ਫਾਰਮਾਸਿਸਟਾਂ, ਹਸਪਤਾਲਾਂ ਅਤੇ ਐਂਬੂਲੈਂਸ ਸੇਵਾ ਨਾਲ ਸਿੱਧੇ ਸੰਬੰਧ ਹਨ।
- ਅਸੀਂ ਕੇਅਰ ਹੋਮ ਤੱਕ ਸਫ਼ਰ ਕਰਕੇ ਆਉਣ ਤੱਕ ਡਾਕਟਰ ਦੀ ਉਡੀਕ ਕਰਨ ਦੀ ਬਜਾਏ, ਤੁਰੰਤ ਮਾਹਰ ਦੀ ਸਲਾਹ ਲੈਣ ਲਈ "ਟੈਲੀਹੈਲਥ" - ਫ਼ੋਨ ਅਤੇ ਵੀਡੀਓ ਕਾਲਾਂ - ਦੀ ਵਰਤੋਂ ਕਰਨ ਦੇ ਯੋਗ ਹਾਂ।
- ਐਮਰਜੈਂਸੀ ਵਿਭਾਗ ਦੇ ਦੌਰੇ ਕਰਨੇ ਪ੍ਰੇਸ਼ਾਨੀ ਦਾਇਕ ਹੋ ਸਕਦੇ ਹਨ, ਇਸ ਲਈ ਜਿੱਥੇ ਸੰਭਵ ਹੋਵੇ ਡਾਕਟਰ ਅਤੇ ਨਰਸਾਂ ਬਿਮਾਰ ਨਿਵਾਸੀਆਂ ਦੀ ਦੇਖਭਾਲ ਉਨ੍ਹਾਂ ਦੇ ਆਪਣੇ ਕਮਰਿਆਂ ਵਿੱਚ ਕਰਨਗੇ।
- ਜੇਕਰ ਤੁਸੀਂ ਐਮਰਜੈਂਸੀ ਸੰਪਰਕ ਵਜੋਂ ਸੂਚੀਬੱਧ ਹੋ, ਤਾਂ ਚਿੰਤਾ ਦਾ ਕਾਰਨ ਹੋਣ 'ਤੇ ਅਸੀਂ ਤੁਹਾਨੂੰ ਫ਼ੋਨ ਕਰਾਂਗੇ।

phn EASTERN MELBOURNE
An Australian Government Initiative

Ambulance Victoria

VED
VICTORIAN VIRTUAL EMERGENCY DEPARTMENT
Northern Health

## 2

### ਤੁਸੀਂ ਮੱਦਦ ਕਰਨ ਲਈ ਕੀ ਕਰ ਸਕਦੇ ਹੋ?



- ਇਹ ਯਕੀਨੀ ਬਣਾਉਣ ਲਈ ਸਾਡੇ ਨਾਲ ਗੱਲ ਕਰੋ ਕਿ ਨਿਵਾਸੀ ਦੇ ਜੀਪੀ ਅਤੇ ਹੋਰ ਸੰਪਰਕ ਤਾਜ਼ਾ ਹਨ। ਅਸੀਂ ਇਕੱਠੇ ਮਿਲ ਕੇ ਕਾਰੋਬਾਰੀ ਘੰਟਿਆਂ ਦੇ ਬਾਅਦ ਦੀ ਦੇਖਭਾਲ ਲਈ ਇੱਕ ਯੋਜਨਾ ਲਿਖ ਸਕਦੇ ਹਾਂ।
- ਜੇਕਰ ਤੁਸੀਂ ਕਿਸੇ ਵਸਨੀਕ ਨੂੰ ਸਿਹਤ ਦੇਖਭਾਲ ਲਈ ਬਾਹਰ ਲੈ ਕੇ ਜਾਂਦੇ ਹੋ, ਤਾਂ ਕਿਰਪਾ ਕਰਕੇ ਇਲਾਜ ਦੇ ਸਾਰ ਲਈ ਪੁੱਛੋ ਅਤੇ ਜਦੋਂ ਤੁਸੀਂ ਵਾਪਸ ਆਉਂਦੇ ਹੋ ਤਾਂ ਇਸਨੂੰ ਸਾਡੇ ਨਾਲ ਸਾਂਝਾ ਕਰੋ।
- ਜੇਕਰ ਨਿਵਾਸੀ ਕੋਲ ਅਗਾਊਂ ਦੇਖਭਾਲ ਯੋਜਨਾ (Advance Care Plan) ਹੈ, ਜਾਂ ਕਿਸੇ ਨੂੰ ਉਹਨਾਂ ਦੀ ਤਰਫੋਂ ਕੰਮ ਕਰਨ ਲਈ ਨਿਯੁਕਤ ਕੀਤਾ ਗਿਆ ਹੈ, ਤਾਂ ਯਕੀਨੀ ਬਣਾਓ ਕਿ ਸਾਡੇ ਕੋਲ ਉਹ ਵੇਰਵੇ ਹਨ।

## 3

### ਤੁਸੀਂ ਹੋਰ ਕੀ ਕਰ ਸਕਦੇ ਹੋ?



- ਇਹ ਯਕੀਨੀ ਬਣਾਉਣ ਲਈ ਕਿ ਉਹਨਾਂ ਦੀਆਂ ਇੱਛਾਵਾਂ ਦਾ ਸਤਿਕਾਰ ਕੀਤਾ ਜਾਂਦਾ ਹੈ, ਅਗਾਊਂ ਦੇਖਭਾਲ ਯੋਜਨਾ ਬਾਰੇ ਨਿਵਾਸੀ ਨਾਲ ਗੱਲ ਕਰੋ।
- ਜੇ ਲੋੜ ਹੋਵੇ, ਤਾਂ ਕਿਸੇ ਵਿਅਕਤੀ ਨੂੰ ਮੁਖਤਿਆਰਨਾਮਾ (ਪਾਵਰ ਆਫ਼ ਅਟਾਰਨੀ) ਦੇਣ ਲਈ ਜਾਂ ਡਾਕਟਰੀ ਇਲਾਜ ਬਾਰੇ ਫ਼ੈਸਲਾ ਲੈਣ ਵਾਲਾ ਨਿਯੁਕਤ ਕਰਨ ਬਾਰੇ ਚਰਚਾ ਕਰੋ।
- ਇਹ ਯਕੀਨੀ ਬਣਾਉਣ ਲਈ ਸਾਡੇ ਨਾਲ ਗੱਲ ਕਰੋ ਕਿ ਸਾਡੇ ਕੋਲ ਨਿਵਾਸੀ ਲਈ ਸਰਬੋਤਮ ਦੇਖਭਾਲ ਪ੍ਰਦਾਨ ਕਰਨ ਲਈ ਲੋੜੀਂਦੀ ਸਾਰੀ ਜਾਣਕਾਰੀ ਹੈ।
- ਇੱਥੇ ਇਲਾਜ ਦੇ ਕੁੱਝ ਵਿਕਲਪ ਉਪਲਬਧ ਹਨ ਜੋ ਤੁਹਾਡੇ ਲਈ ਨਵੇਂ ਹੋ ਸਕਦੇ ਹਨ। ਵਿਕਟੋਰੀਆ ਦੇ ਵਰਚੁਅਲ ਐਮਰਜੈਂਸੀ ਵਿਭਾਗ ਦੀ ਵੈੱਬਸਾਈਟ (vved.org.au) ਨੂੰ ਦੇਖਣ ਅਤੇ "ਰਿਹਾਇਸ਼ੀ ਇਨ-ਰੀਚ ਸੇਵਾਵਾਂ" ਲਈ ਸਿਹਤ ਵਿਭਾਗ ਦੀ ਵੈੱਬਸਾਈਟ (health.vic.gov.au) 'ਤੇ ਖੋਜ ਕਰਨ ਬਾਰੇ ਵਿਚਾਰ ਕਰੋ।